ਨੰਬਰ 4296-4295 ਈ.ਜੀ/2015 ਮਿਤੀ: 10/6/2015

ਵੱਲ

ਮੁੱਖ ਇੰਜੀਨੀਅਰ/ਨਹਿਰਾਂ,
ਸਿੰਚਾਈ ਵਿਭਾਗ,ਪੰਜਾਬ,
ਚੰਡੀਗੜ੍ਹ ।

ਵੱਲ,

1. ਸਮੂਹ ਮੁੱਖ ਇੰਜੀਨੀਅਰਜ, ਸਿੰਚਾਈ ਵਿਭਾਗ,ਪੰਜਾਬ ।
2. ਸਮੂਹ ਨਿਗਰਾਨ ਇੰਜੀਨੀਅਰਜ -ਓਹੀ-
3. ਕਾਰਜਕਾਰੀ ਇੰਜੀਨੀਅਰਜ -ਓਹੀ-
4. ਸਕੱਤਰ ਬੀ.ਬੀ.ਐਮ.ਬੀ ਸੈਕਟਰ 19, ਚੰਡੀਗੜ੍ਹ ।

ਵਿਸ਼ਾ:- ਵਿਜੀਲੈਂਸ ਇਨਕੁਆਰੀ ਨੰ: 7 ਮਿਤੀ 2/9/2014 ਚੰਡੀਗੜ੍ਹ ਵਿਰੁੱਧ ਸਰਕਾਰੀ ਅਧਿਕਾਰੀ/ਕਰਮਚਾਰੀ ਜਿਨ੍ਹਾਂ ਵੱਲੋਂ ਵਿਦੇਸ਼ਾਂ ਵਿੱਚ ਪੀ.ਆਰ/ ਗਰੀਨ ਕਾਰਡ/ਇਮੀਗਰੇਸ਼ਨ ਸਟੇਟਸ ਹਾਸਲ ਕਰਕੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਬਾਰੇ ।

xxx

ਉਪਰੋਕਤ ਵਿਸ਼ੇ ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ ਐਕਸ ਇੰਡੀਆ ਲੀਵ ਤੇ ਗਏ ਅਧਿਕਾਰੀਆਂ/ਕਰਮਚਾਰੀਆਂ ਤੋਂ ਇਹ ਸਵੈ ਘੋਸ਼ਣਾ ਪੱਤਰ (ਪੱਕੇ ਪੇਪਰ ਤੇ ਸਮੇਤ ਫੋਟੋ ਲਗਾ ਕੇ ) ਲੈ ਕੇ ਇਸ ਦਫਤਰ ਦੀਆਂ ਸਬੰਧਤ ਅਮਲਾ ਸਾਖਾਵਾਂ ਨੂੰ ਭੇਜਿਆ ਜਾਵੇ ਕਿ ਉਹਨਾਂ ਵੱਲੋ ਵਿਦੇਸ਼ ਵਿੱਚ ਪੀ.ਆਰ/ਗਰੀਨ ਕਾਰਡ ਹਾਸਲ ਨਹੀਂ ਕੀਤਾ ਗਿਆ ਹੈ ਅਤੇ ਭਵਿੱਖ ਵਿੱਚ ਵੀ ਐਕਸ ਇੰਡੀਆ ਲੀਵ ਤੇ ਜਾਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਤੋਂ ਇਹ ਸਵੈ ਘੋਸ਼ਣਾ ਪੱਤਰ ਲੈਣਾ ਯਕੀਨੀ ਬਣਾਇਆ ਜਾਵੇ,ਅਗਰ ਸਵੈ ਘੋਸ਼ਣਾ ਪੱਤਰ ਲੈਣ ਤੋਂ ਬਾਅਦ ਵੀ ਕਿਸੇ ਅਧਿਕਾਰੀ/ਕਰਮਚਾਰੀ ਪਾਸ ਪੀ.ਆਰ/ਗਰੀਨ ਕਾਰਡ ਨਿਕਲ ਜਾਂਦੀ ਹੈ , ਤਾਂ ਉਸ ਵਿਰੁੱਧ ਰੂਲਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।

2 ਇਸ ਤੋਂ ਪਹਿਲਾਂ ਐਕਸ ਇੰਡੀਆ ਲੀਵ ਅਵੇਲ ਕਰ ਚੁੱਕੇ ਅਧਿਕਾਰੀਆਂ/ਕਰਮਚਾਰੀਆਂ ਸਬੰਧੀ ਆਪਣੇ ਪੱਧਰ ਤੇ ਯਕੀਨੀ ਬਣਾਇਆ ਜਾਵੇ ਕਿ ਉਹਨਾਂ ਵੱਲੋਂ ਵਿਦੇਸ਼ ਵਿੱਚ ਪੀ.ਆਰ/ਗਰੀਨ ਕਾਰਡ ਪ੍ਰਾਪਤ ਤਾਂ ਨਹੀਂ ਕੀਤਾ ਹੋਇਆ ਹੈ । ਜੇਕਰ ਪ੍ਰਾਪਤ ਕੀਤਾ ਹੋਇਆ ਹੈ ਤਾਂ ਉਹਨਾਂ ਸਬੰਧੀ ਸੂਚਨਾ ਭੇਜਣੀ ਯਕੀਨੀ ਬਣਾਈ ਜਾਵੇ ।

ਇਸ ਨੂੰ ਪਰਮ ਅਗੇਤ ਦਿਤੀ ਜਾਵੇ ਅਤੇ ਮੰਗੀ ਗਈ ਸੂਚਨਾ ਇੱਕ ਹਫਤੇ ਦੇ ਅੰਦਰ ਭੇਜੀ ਜਾਵੇ ਜੀ।

ਮੁੱਖ ਇੰਜੀਨੀਅਰ/ਨਹਿਰਾਂ,
ਸਿੰਚਾਈ ਵਿਭਾਗ ਪੰਜਾਬ,
ਚੰਡੀਗੜ੍ਹ ।

ਸੀ.ਸੀ:- ਸੁਪਰਡੰਟ ਅਮਲਾ ਸਾਖਾਵਾਂ(ਈ.ਈ-1,ਈ.ਈ-2,ਨਗ.ਅ-1,ਪ੍ਰਸਾਸਨ ਅ ਤੇ ਨ.ਗ.ਅ-2 ),ਸਿੰਚਾਈ ਵਿਭਾਗ ਪੰਜਾਬ,ਮੁੱਖ ਦਫਤਰ,ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਅਧਿਕਾਰੀ/ਕਰਮਚਾਰੀ ਦੀ ਐਕਸ ਇੰਡੀਆ ਲੀਵ ਮੰਨਜੂਰ ਕਰਨ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਉਸ ਵੱਲੋਂ ਵਿਦੇਸ਼ ਵਿੱਚ ਪੀ.ਆਰ/ਗਰੀਨ ਕਾਰਡ ਪ੍ਰਾਪਤ ਨਹੀਂ ਕੀਤਾ ਹੋਇਆ ਅਤੇ ਐਕਸ ਇੰਡੀਆ ਲੀਵ ਮੰਨਜੂਰ ਕਰਨ ਤੋਂ ਪਹਿਲਾਂ ਅਧਿਕਾਰੀ/ਕਰਮਚਾਰੀ ਤੋਂ ਅੰਡਰਟੇਕਿੰਗ ਲੈ ਲਈ ਜਾਵੇ ।

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ

ਚੰਡੀਗੜ੍ਹ

ਡਾਇਰੀ ਨੰ..............ਮਿਤੀ.............

ਨਕਲ ਪੱਤਰ ਨੰਬਰ 891/ਮੁੱਖ ਇੰਜੀ:/ਚੌਕਸੀ ਮਿਤੀ: 17/6/2015 ਵੱਲੋਂ ਮੁੱਖ ਇੰਜੀਨੀਅਰ/ਚੌਕਸੀ ਕਮ ਮੁੱਖ ਚੌਕਸੀ ਅਫਸਰ ਸਿੰਚਾਈ ਵਿਭਾਗ,ਪੰਜਾਬ, ਚੰਡੀਗੜ੍ਹ ਵੱਲ ਮੁੱਖ ਇੰਜੀਨੀਅਰ/ਨਹਿਰਾਂ,ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।

×

ਵਿਸ਼ਾ:- ਵਿਜੀਲੈਂਸ ਇੰਨਕੁਆਰੀ ਨੰ: 7 ਮਿਤੀ: 2/9/2014 ਚੰਡੀਗੜ੍ਹ ਵਿਰੁੱਧ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਜਿਨ੍ਹਾਂ ਵੱਲੋ ਵਿਦੇਸਾਂ ਵਿੱਚ ਪੀ.ਆਰ/ਗਰੀਨ ਕਾਰਡ ਇਮੀਗਰੇਸ਼ਨ ਸਟੇਟਸ ਹਾਸਲ ਕਰਕੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਬਾਰੇ।

××××

ਉਪਰੋਕਤ ਵਿਸੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਿਮਨ-ਹਸਤਾਖਰ ਵੱਲੋਂ ਵਿਸੇ ਸਬੰਧੀ ਮੀਟਿੰਗ ਅੱਜ ਮਿਤੀ: 17/6/2015 ਨੂੰ ਅਟੈਂਡ ਕੀਤੀ ਗਈ । ਇਸ ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਜਿਨ੍ਹਾਂ ਵੱਲੋਂ ਵਿਦੇਸਾਂ ਵਿੱਚ ਪੀ ਆਰ/ਗਰੀਨ ਕਾਰਡ/ਇਮੀਗਰੇਸਨ/ਸਿਟੀਜਨਸਿਪ ਹਾਸਲ ਕਰਕੇ ਨਿਯਮਾਂ ਦੀ ਉਲੰਘਣਾ ਕੀਤੀ ਗਈ,-ਬਾਰੇ ਤਾਜਾ ਸਥਿਤੀ ਸਬੰਧੀ ਵਿਚਾਰ ਵਟਾਂਦਰਾਂ ਕੀਤਾ ਗਿਆ। ਆਪ ਜੀ ਵੱਲੋਂ ਹਵਾਲੇ ਅਧੀਨ ਪੱਤਰ ਨਾਲ ਭੇਜੀ ਗਈ ਰਿਪੋਰਟ ਜਿਸ ਵਿੱਚ ਤਿੰਨ ਮੁਲਾਜਮਾਂ ਦੇ ਨਾਂ ਦਰਸਾਏ ਗਏ ਹਨ, ਬਾਰੇ ਵੀ ਵਿਚਾਰ ਵਟਾਂਦਰਾਂ ਕੀਤਾ ਗਿਆ ਅਤੇ ਇਸ ਰਿਪੋਟਟ ਨੂੰ ਤਸੱਲੀਬਖਸ ਨਹੀਂ ਪਾਇਆ ਗਿਆ। ਇਸ ਲਈ ਉਪਰੋਕਤ ਮੀਟਿੰਗ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿੰਚਾਈ ਵਿਭਾਗ ਦੇ ਸਾਰੇ ਮੁਲਾਜਮਾਂ ਸਬੰਧੀ ਇਹ ਸੂਚਨਾ ਦੁਬਾਰਾ ਇਕੱਠੀ ਕੀਤੀ ਜਾਵੇ ਅਤੇ ਸਮੂਹ ਕਰਮਚਾਰੀਆਂ ਕੋਲੋਂ ਸਵੈ-ਘੋਸਣਾ ਪੱਤਰ ਲਿਆ ਜਾਵੇ ਕਿ ਉਨ੍ਹਾਂ ਵੱਲੋਂ ਵਿਦੇਸਾਂ ਵਿੱਚ ਪੀ ਆਰ/ਗਰੀਨ ਕਾਰਡ / ਇਮੀਗਰੇਸਨ ਸਟੇਟਸ/ਸਿਟੀਜਨਸਿਪ ਹਾਸਲ ਨਹੀਂ ਕੀਤੀ ਹੈ, ਤਾਂ ਜੋ ਇਸ ਕਮੇਟੀ ਦੀ ਹੋਣ ਵਾਲੀ ਅਗਲੀ ਮੀਟਿੰਗ ਵਿੱਚ ਰਿਪੋਰਟ ਦੁਬਾਰਾ ਪੇਸ ਕੀਤੀ ਜਾ ਸਕੇ ।

ਸਕੱਤਰ/ਸਿੰਚਾਈ ਜੀ ਵੱਲੋਂ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਅਗਲੇ ਮਹੀਨੇ ਦੀ ਤਨਖਾਹ ਦੇਣ ਤੋਂ ਪਹਿਲਾਂ ਸਾਰੇ ਕਰਮਚਾਰੀਆਂ ਕੋਲੋਂ ਉਕਤ ਅਨੁਸਾਰ ਸਵੈ - ਘੋਸਣਾ ਪੱਤਰ ਲੈਣਾ ਯਕੀਨੀ ਬਣਾਇਆ ਜਾਵੇ ।

××××

ਪਿੱਠ ਅੰਕਣ ਨੰਬਰ 11536-50 /5 ਈ ਜੀ (ਵਿਜੀਲੈਂਸ ਇੰਨ ਨੰ: 7) ਮਿਤੀ: 18 /6/2015

ਉਪਰੋਕਤ ਦੀ ਕਾਪੀ ਹੇਠ ਲਿਖਿਆਂ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਅਧੀਨ ਅਧਿਕਾਰੀਆਂ/ਕਰਮਚਾਰੀਆਂ ਜੋ ਕਿਸੇ ਵੀ ਸਮੇਂ ਵਿਦੇਸਾਂ ਵਿੱਚ ਗਏ ਹਨ ਜਾਂ ਜਾ ਰਹੇ ਹਨ ਉਨ੍ਹਾਂ ਦੀ ਅਗਲੀ ਤਨਖਾਹ ਡਰਾਅ ਕਰਨ ਤੋਂ ਪਹਿਲਾਂ ਉਕਤ ਵਿਸੇ ਅਨੁਸਾਰ ਸਵੈ ਘੋਸਣਾ ਪੱਤਰ ਲੈਣਾ ਯਕੀਨੀ ਬਣਾਇਆ ਜਾਵੇ,ਉਸ ਦੀ ਕਾਪੀ ਇਸ ਦਫਤਰ ਦੀ ਸਬੰਧਤ ਅਮਲਾ ਸਾਖਾ ਨੂੰ ਵੀ ਰਿਕਾਰਡ ਹਿੱਤ ਭੇਜੀ ਜਾਵੇ ਜੀ:-

1.:- ਸਮੂਹ ਮੁੱਖ ਇੰਜੀਨੀਅਰਜ ਸਿੰਚਾਈ ਵਿਭਾਗ,ਪੰਜਾਬ ।

2. ਸਮੂਹ ਨਿਗਰਨ ਇੰਜੀਨੀਅਰਜ/ਡਾਇਰੈਕਟਰਜ,ਸਿੰਚਾਈ ਵਿਭਾਗ,ਪੰਜਾਬ ।

3. ਵਧੀਕ ਡਾਇਰੈਕਟਰ/ਪ੍ਰਸਾਸਨ (ਈ.ਈ-1, ਈ.ਈ-2 ਅਤੇ ਨ.ਗ.ਅ-1 ਸਾਖਾ) ਸਿੰਚਾਈ ਵਿਭਾਗ,ਪੰਜਾਬ, ਚੰਡੀਗੜ੍ਹ ।

4. ਰਜਿਸਟਰਾਰ,ਸਿੰਚਾਈ ਵਿਭਾਗ,ਪੰਜਾਬ (ਪ੍ਰਸਾਸਨ ਸਾਖਾ ) ਮੁੱਖ ਦਫਤਰ, ਚੰਡੀਗੜ੍ਹ ।

5. ਪ੍ਰਬੰਧਕ ਅਫਸਰ-2,ਸਿੰਚਾਈ ਵਿਭਾਗ,ਪੰਜਾਬ (ਨਗਅ-2 ਸਾਖਾ) ਚੰਡੀਗੜ੍ਹ ।

ਸੁਪਰਡੰਟ/ਈ.ਜੀ ਸਾਖਾ

ਵਾ: ਮੁੱਖ ਇੰਜੀਨੀਅਰ,ਸਿੰਚਾਈ ਵਿਭਾਗ,ਪੰਜਾਬ

ਚੰਡੀਗੜ੍ਹ ।

Assigned to

Sr. Asstt.

Clerk

JE

D/Man

Off